Vancouver CoastalHealth

Promoting wellness. Ensuring care.

Providence HEALTH CARE

How you want to be treated.

Emergency Preparedness Patient Survey Answer Key

**Punjabi**

# ਐਮਰਜੰਸੀ ਵਿਚ ਤਿਆਰੀ ਬਾਰੇ ਮਰੀਜ਼ ਦਾ ਸਰਵੇ ਜਵਾਬ

1. ਕੀ ਡਾਇਆਲਿਸਿਸ ਯੂਨਿਟ ਵਿਚ ਕਿਸੇ ਨੇ ਤੁਹਾਨੂੰ **ਸੰਕਟ ਵਿਚ ਪਲੈਨਿੰਗ** ਜਾਂ **ਐਮਰਜੰਸੀ ਵਿਚ ਤਿਆਰੀ** ਬਾਰੇ ਜਾਣਕਾਰੀ ਦਿੱਤੀ ਹੈ?

   » ਤੁਹਾਨੂੰ ਡਾਇਆਲਿਸਿਸ ਦੇ ਸ਼ੁਰੂ ਹੋਣ 'ਤੇ ਅਤੇ ਹਰ ਮਈ ਵਿਚ ਜਾਣਕਾਰੀ ਮਿਲਣੀ ਚਾਹੀਦੀ ਹੈ।

2. ਕੀ ਤੁਹਾਡੇ ਕੋਲ **ਡਾਇਆਲਿਸਿਸ ਪੇਸ਼ੈਂਟ ਐਮਰਜੰਸੀ ਪ੍ਰਿਪੇਰਡਨੈੱਸ ਗਾਈਡ** ਦੀ ਕਾਪੀ ਹੈ?

   » ਤੁਹਾਨੂੰ ਇਸ ਗਾਈਡ ਦੀ ਇਕ ਕਾਪੀ ਘਰ ਵਿਚ ਰੱਖਣੀ ਚਾਹੀਦੀ ਹੈ।

3. ਕੀ ਤੁਹਾਡੇ ਕੋਲ ਘਰ ਵਿਚ **ਡਿਜ਼ਾਸਟਰ ਕਿੱਟ** (ਸੰਕਟ ਵਿਚ ਵਰਤੀ ਜਾ ਸਕਣ ਵਾਲੀ ਕਿੱਟ) ਹੈ?

   » ਤੁਹਾਨੂੰ ਘਰ ਵਿਚ ਡਿਜ਼ਾਸਟਰ ਕਿੱਟ ਰੱਖਣੀ ਚਾਹੀਦੀ ਹੈ ਜਿਸ ਵਿਚ ਐਮਰਜੰਸੀ ਡਾਇਟ (ਖੁਰਾਕ) ਵਿਚ ਦੱਸੇ ਹੋਏ ਖਾਣਿਆਂ ਦੀ 3 ਦਿਨਾਂ ਦੀ ਸਪਲਾਈ ਹੋਣੀ ਚਾਹੀਦੀ ਹੈ। ਤੁਹਾਡੇ ਕੋਲ 2 ਹਫਤਿਆਂ ਦੀਆਂ ਦਵਾਈਆਂ ਵੀ ਹੋਣੀਆਂ ਚਾਹੀਦੀਆਂ ਹਨ।

4. ਕਿਸੇ ਐਮਰਜੰਸੀ ਕੇਸ ਵਿਚ ਤੁਹਾਡੇ ਕੋਲ ਘਰ ਵਿਚ ਕਿੰਨੇ ਦਿਨਾਂ ਦੀ ਦਵਾਈ ਦੀ ਸਪਲਾਈ ਹੈ?

   » ਘੱਟੋ ਘੱਟ 2 ਹਫਤਿਆਂ ਦੀ।

5. ਕੀ ਤੁਸੀਂ **ਐਮਰਜੰਸੀ ਰੀਨਲ ਡਾਇਟ** (ਖੁਰਾਕ) ਬਾਰੇ ਸੁਣਿਆ ਹੈ?

   » ਤੁਹਾਨੂੰ ਗਾਈਡ ਵਿਚ ਦਿੱਤੀ ਹੋਈ ਐਮਰਜੰਸੀ ਖੁਰਾਕ ਤੋਂ ਜਾਣੂ ਹੋਣਾ ਚਾਹੀਦਾ ਹੈ।

6. ਐਮਰਜੰਸੀ ਰੀਨਲ ਡਾਇਟ 'ਤੇ **ਪ੍ਰਤੀ ਦਿਨ ਪੀਣ ਵਾਲੀਆਂ ਚੀਜ਼ਾਂ ਦੀ** ਢੁਕਵੀਂ **ਬੰਦਸ਼** ਕੀ ਹੈ?

   » ਪ੍ਰਤੀ ਦਿਨ ਵੱਧ ਤੋਂ ਵੱਧ 2 ਕੱਪ।

7. ਕੀ ਤੁਹਾਡੇ ਕੋਲ ਤੁਹਾਡੀ **ਮੈਡੀਕਲ ਹਿਸਟਰੀ** ਵਾਲਾ ਕਾਰਡ ਜਾਂ ਕਿਤਾਬਚਾ ਹੈ, ਜੇ ਤੁਹਾਨੂੰ ਕਿਸੇ ਐਮਰਜੰਸੀ ਵਿਚ ਕਿਸੇ ਹੋਰ ਡਾਇਆਲਿਸਿਸ ਯੂਨਿਟ ਜਾਂ ਸ਼ੈਲਟਰ ਵਿਚ ਭੇਜਿਆ ਜਾ ਰਿਹਾ ਹੋਵੇ?

   » ਤੁਹਾਨੂੰ ਹਰ ਵੇਲੇ ਦਵਾਈਆ ਦੀ ਲਿਸਟ ਅਤੇ ਆਪਣੀ ਮੈਡੀਕਲ ਹਿਸਟਰੀ ਦੀ ਲਿਸਟ ਨਾਲ ਰੱਖਣੀ ਚਾਹੀਦੀ ਹੈ।

8. ਕੀ ਡਾਇਆਲਿਸਿਸ ਯੂਨਿਟ ਕੋਲ ਤੁਹਾਡੇ ਨਾਲ **ਸੰਪਰਕ ਕਰਨ ਬਾਰੇ ਤਾਜ਼ੀ ਜਾਣਕਾਰੀ** ਹੈ?

   » ਇਸ ਬਾਰੇ ਤੁਹਾਡੇ ਨਾਲ ਸਾਲ ਵਿਚ ਘੱਟੋ ਘੱਟ ਇਕ ਵਾਰੀ ਗੱਲ ਕੀਤੀ ਜਾਣੀ ਚਾਹੀਦੀ ਹੈ।